# ਪ੍ਰਧਾਨ ਮੰਤਰੀ ਭਾਰਤੀ ਜਨ ਔਸ਼ਧੀ ਪਰਿਯੋਜਨਾ (PMBJP) ’ਤੇ ਸੈਸ਼ਨ

ਫਰਵਰੀ 24, 2023

24 ਫਰਵਰੀ 2023 ਨੂੰ, ਵਿਦੇਸ਼ ਮੰਤਰਾਲੇ ਅਤੇ ਫਾਰਮਾਸਿਊਟੀਕਲ ਵਿਭਾਗ, ਰਸਾਇਣ ਅਤੇ ਖਾਦ ਮੰਤਰਾਲੇ ਨੇ ਸਾਂਝੇ ਤੌਰ ’ਤੇ ਪ੍ਰਧਾਨ ਮੰਤਰੀ ਭਾਰਤੀ ਜਨ ਔਸ਼ਧੀ ਪਰਿਯੋਜਨਾ' (PMBJP) ਪ੍ਰੋਗਰਾਮ ’ਤੇ ਗਲੋਬਲ ਦੱਖਣ ਦੇ ਲਗਭਗ 100 ਭਾਈਵਾਲ ਦੇਸ਼ਾਂ ਦੇ ਮਿਸ਼ਨ ਮੁਖੀਆਂ ਲਈ ਇੱਕ ਪਰਸਪਰ ਸੈਸ਼ਨ ਦਾ ਆਯੋਜਨ ਕੀਤਾ। ਕਾਨਫਰੰਸ ਵਿੱਚ ਵਿਦੇਸ਼ ਮੰਤਰੀ ਡਾ: ਐਸ ਜੈਸ਼ੰਕਰ ਅਤੇ ਰਸਾਇਣ ਅਤੇ ਖਾਦ, ਅਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ: ਮਨਸੁਖ ਮਾਂਡਵੀਆ ਨੇ ਸ਼ਮੂਲੀਅਤ ਕੀਤੀ।

2. EAM ਨੇ ਉਜਾਗਰ ਕੀਤਾ ਕਿ PMBJP, ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੁਆਰਾ ਪਿਛਲੇ ਅੱਠ ਸਾਲਾਂ ਤੋਂ ਚਲਾਇਆ ਗਿਆ ਇੱਕ ਪ੍ਰਮੁੱਖ ਲੋਕ ਭਲਾਈ ਪ੍ਰੋਗਰਾਮ ਹੈ। ਇਹ ਕਾਨਫਰੰਸ ਇੱਕ ਮਹਾਨ ਪਹਿਲ ਹੈ ਜੋ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੁਆਰਾ ਸੋਚੇ ਗਏ ਇੱਕ ਸਮਰੂਪ, ਸੰਮਲਿਤ ਅਤੇ ਸਵਸਥ ਗ੍ਰਹਿ ਦੇ ਵੱਡੇ ਟੀਚੇ ਵੱਲ ਕੰਮ ਵੱਲ ਹਿੱਸੇਦਾਰਾਂ ਨੂੰ ਇੱਕਠੇ ਕਰਦੀ ਹੈ। EAM ਨੇ ਭਾਈਵਾਲ ਦੇਸ਼ਾਂ ਨੂੰ ਉਨ੍ਹਾਂ ਦੇ ਆਪਣੇ ਦੇਸ਼ਾਂ ਵਿੱਚ PMBJP ਵਰਗੀਆਂ ਜਨ-ਅਧਾਰਿਤ ਯੋਜਨਾਵਾਂ ਸਥਾਪਤ ਕਰਨ ਅਤੇ ਲਾਗੂ ਕਰਨ ਵਿੱਚ ਸਹਾਇਤਾ ਲਈ ਕੁੱਲ ਲੋੜੀਂਦੇ ਸਮਰਥਨ ਦੀ ਪੇਸ਼ਕਸ਼ ਕੀਤੀ।

3. ਰਸਾਇਣ ਅਤੇ ਖਾਦ ਮੰਤਰੀ ਡਾ: ਮਨਸੁਖ ਮਾਂਡਵੀਆ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਭਾਰਤ ਨੂੰ ‘ਦੁਨੀਆਂ ਦੀ ਫਾਰਮੇਸੀ’ ਵਜੋਂ ਸਟੀਕ ਰੂਪ ਵਿੱਚ ਪ੍ਰਭਾਸ਼ਿਤ ਕੀਤਾ। ਰਸਾਇਣਕ ਅਤੇ ਖਾਦ ਮੰਤਰਾਲਾ ਭਾਰਤੀ ਫਾਰਮਾਸਿਊਟੀਕਲ ਉਦਯੋਗ ਨੂੰ ਗਲੋਬਲ ਮਾਰਕੀਟ ਵਿੱਚ ਇੱਕ ਮੋਹਰੀ ਭੂਮਿਕਾ ਨਿਭਾਉਣ ਯੋਗ ਬਣਾਉਣ ਅਤੇ ਵਾਜਬ ਕੀਮਤਾਂ 'ਤੇ ਵੱਡੇ ਪੱਧਰ ’ਤੇ ਖਪਤ ਹੋਣ ਵਾਲੀਆਂ ਚੰਗੀਆਂ ਗੁਣਵੱਤਾ ਦੀਆਂ ਦਵਾਈਆਂ ਦੀ ਵਧੇਰੇ ਉਪਲਬਧਤਾ ਨੂੰ ਯਕੀਨੀ ਬਣਾਉਣ ਦੇ ਦ੍ਰਿਸ਼ਟੀਕੋਣ ਨਾਲ, ਮਨੁੱਖਤਾ ਦੀ ਬਿਹਤਰੀ ਵਿੱਚ ਯੋਗਦਾਨ ਪਾਉਣ ਲਈ ਅਣਥੱਕ ਕੰਮ ਕਰ ਰਿਹਾ ਹੈ।

4. ‘ਪ੍ਰਧਾਨ ਮੰਤਰੀ ਭਾਰਤੀ ਜਨ ਔਸ਼ਧੀ ਪਰਿਯੋਜਨਾ’ (PMBJP) ਭਾਰਤ ਸਰਕਾਰ (GoI) ਦੀ ਇੱਕ ਸਫਲ, ਸਿਹਤ ਅਤੇ ਸਸ਼ਕਤੀਕਰਨ ਵਾਲੀ ਯੋਜਨਾ ਹੈ, ਜੋ ਕਿ ਭਾਰਤ ਦੇ ਫਾਰਮਾਸਿਊਟੀਕਲ ਅਤੇ ਮੈਡੀਕਲ ਡਿਵਾਈਸ ਬਿਊਰੋ (PMBI) ਦੁਆਰਾ ਲਾਗੂ ਕੀਤੀ ਗਈ ਹੈ, ਜਿਹੜੀ ਕਿ ਰਸਾਇਣ ਅਤੇ ਖਾਦ ਮੰਤਰਾਲੇ ਦੀ ਅਗਵਾਈ ਹੇਠ ਇੱਕ ਸੁਸਾਇਟੀ ਹੈ। ਇਹ ਸਕੀਮ ਜਨਸੰਖਿਆ ਦੇ ਸਾਰੇ ਵਰਗਾਂ, ਖਾਸ ਤੌਰ ’ਤੇ ਕਮਜ਼ੋਰ ਅਤੇ ਵਾਂਝੇ ਲੋਕਾਂ ਲਈ ਕਿਫਾਇਤੀ ਕੀਮਤ ’ਤੇ ਗੁਣਵੱਤਾ ਵਾਲੀਆਂ ਦਵਾਈਆਂ ਦੀ ਪਹੁੰਚ ਨੂੰ ਯਕੀਨੀ ਬਣਾਉਂਦੀ ਹੈ।

5. PMBI ਦੇ CEO ਨੇ PMBJP ਸਕੀਮ ਦੇ ਦੂਸਰੇ ਹਿੱਸਿਆਂ ’ਤੇ ਇੱਕ ਪੇਸ਼ਕਾਰੀ ਦਿੱਤੀ, ਜਿਸ ਵਿੱਚ ਦੱਸਿਆ ਗਿਆ ਕਿ ਕਿਵੇਂ ਭਾਰਤ ਭਾਈਵਾਲ ਦੇਸ਼ਾਂ ਵਿੱਚ ਇਸ ਪ੍ਰੋਗਰਾਮ ਤਹਿਤ ਨਕਲ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ, ਜਿਹੜੀ ਕਿ ਸਰਕਾਰੀ ਖਜ਼ਾਨੇ ਵਿੱਚ ਵਾਧੂ ਰਕਮ ਦੀ ਬੱਚਤ ਕਰਦੇ ਹੋਏ ਉਨ੍ਹਾਂ ਦੇ ਨਾਗਰਿਕਾਂ ਨੂੰ ਉੱਚ ਗੁਣਵੱਤਾ ਵਾਲੀਆਂ ਦਵਾਈਆਂ ਦੀ ਉਪਲਬਧਤਾ ਨੂੰ ਸਮਰੱਥ ਬਣਾ ਸਕਦੀ ਹੈ। ਇੱਕ ਪਰਸਪਰ ਸਵਾਲਾਂ-ਜਵਾਬਾਂ ਦਾ ਸੈਸ਼ਨ ਵੀ ਆਯੋਜਿਤ ਕੀਤਾ ਗਿਆ ਸੀ।

6. ਸੱਦੇ ਗਏ ਦੇਸ਼ਾਂ ਵਿੱਚ ਰਹਿੰਦੇ ਭਾਰਤ ਦੇ ਮਿਸ਼ਨ ਦੇ ਮੁਖੀ ਵੀ ਸਬੰਧਤ ਰਾਜਧਾਨੀਆਂ ਤੋਂ ਇਸ ਕਾਨਫਰੰਸ ਵਿੱਚ ਸ਼ਾਮਲ ਹੋਏ। ਪੀ.ਐੱਮ.ਬੀ.ਆਈ. ਅਤੇ ਫਾਰਮੈਕਸਿਲ ਨੇ ਆਪਣੇ-ਆਪਣੇ ਬੂਥਾਂ ਵਿੱਚ ਆਪਣੇ ਸੰਕਲਪ ਅਤੇ ਉਤਪਾਦਾਂ ਦਾ ਪ੍ਰਦਰਸ਼ਨ ਕੀਤਾ, ਜਿਨ੍ਹਾਂ ਦਾ ਪ੍ਰਤੀਭਾਗੀਆਂ ਦੁਆਰਾ ਦੌਰਾ ਕੀਤਾ ਗਿਆ।

**ਨਵੀਂ ਦਿੱਲੀ**

**ਫਰਵਰੀ 24, 2023**